

ਇਕ ਵਲੰਟੀਅਰ ਨੂੰ ਸਨਮਾਨਿਤ ਕਰਦੇ ਹੋਏ ਡੀ.ਐਸ.ਪੀ. ਸੁਨਾਮ ਹਰਵਿੰਦਰ ਸਿੰਘ ਖਹਿਰਾ। ਤਸਵੀਰ: ਧਾਲੀਵਾਲ

# ਸੱਤ ਰੋਜ਼ਾ ਐਨ. ਐਸ. ਐਸ. ਕੈਂਪ ਲਗਾਇਆ

ਸੁਨਾਮ ਊਧਮ ਸਿੰਘ ਵਾਲਾ, 24 ਫਰਵਰੀ (ਸਰਬਜੀਤ ਸਿੰਘ ਧਾਲੀਵਾਲ, ਹਰਚੰਦ ਸਿੰਘ ਭੁੱਲਰ) - ਸਥਾਨਕ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਪ੍ਰਿੰਸੀਪਲ ਸ਼ਾਮ ਸੁੰਦਰ ਸ਼ਰਮਾ ਦੀ ਅਗਵਾਈ 'ਚ ਤੇ ਐਨ.ਐਸ.ਐਸ ਪ੍ਰੋਗਰਾਮ ਅਫਸਰ ਪ੍ਰੋ ਗੁਰਪ੍ਰੀਤ ਸਿੰਘ, ਡਾ. ਮਨੀਤਾ ਜੋਸ਼ੀ, ਪ੍ਰੋ. ਕਾਲਾ ਸਿੰਘ ਅਤੇ ਡਾ. ਮਨਪ੍ਰੀਤ ਕੌਰ ਹਾਂਡਾ ਦੀ ਦੇਖ-ਰੇਖ 'ਚ ਲਗਾਇਆ ਗਿਆ ਸੱਤ ਰੋਜਾ ਐਨ ਐਸ ਐਸ ਕੈਂਪ ਅੱਜ ਸਮਾਪਤ ਹੋਇਆ ਜਿਸ ਵਿਚ ਡੀ.ਐਸ.ਪੀ ਸੁਨਾਮ ਹਰਵਿੰਦਰ ਸਿੰਘ ਖਹਿਰਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਸਮੇਂ ਵਲੰਟੀਅਰਜ਼ ਵਲੋਂ ਵੱਖ-ਵੱਖ ਗਤੀਵਿਧੀਆਂ ਜਰੀਏ ਨਾਟਕ, ਸਕਿਟ ,ਗਿੱਧਾ ਅਤੇ ਟੱਪੇ ਆਦਿ ਦੀ ਪੇਸ਼ਕਾਰੀ ਕੀਤੀ ਗਈ। ਹੋਨਹਾਰ ਵਲੰਟੀਅਰ ਦਾ ਇਨਾਮ ਕੁੜੀਆਂ 'ਚੋਂ ਕੁਲਵਿੰਦਰ ਕੌਰ ਅਤੇ ਮੁੰਡਿਆਂ 'ਚੋਂ ਹਰਮਨ ਸਿੰਘ ਨੂੰ ਦਿੱਤਾ ਗਿਆ ਜਦੋਂ ਕਿ ਉੱਤਮ ਵਲੰਟੀਅਰ ਦਾ ਇਨਾਮ ਜਸਪ੍ਰੀਤ ਕੌਰ ਅਤੇ ਖੁਸ਼ਕਰਨ ਸਿੰਘ ਬੇਦੀ ਨੂੰ ਮਿਲਿਆ। ਡੀ.ਐਸ.ਪੀ ਹਰਵਿੰਦਰ ਸਿੰਘ ਨੇ ਵਲੰਟੀਅਰਜ਼ ਨੂੰ ਨਸ਼ਾ ਮੁਕਤ ਸਮਾਜ ਸਿਰਜਣ ਲਈ ਪ੍ਰੇਰਿਤ ਕਰਦਿਆਂ ਆਪਣੇ ਭਵਿੱਖ ਬਾਰੇ ਉੱਚਾ ਸੋਚਣ ਦੀ ਅਪੀਲ ਕੀਤੀ। ਡਿਪਟੀ ਡੀ.ਪੀ. ਆਈ ਸੇਵਾ ਮੁਕਤ ਡਾਕਟਰ ਪਰਮਿੰਦਰ ਸਿੰਘ ਨੇ ਵੀ ਵਲੰਟੀਅਰਜ਼ ਨਾਲ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਦਾ ਮੰਚ ਸੰਚਾਲਨ ਡਾਕਟਰ ਮਨੀਤਾ ਜੋਸ਼ੀ ਵਲੋਂ ਕੀਤਾ ਗਿਆ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਅੰਚਲਾ, ਡਾ. ਪਰਮਿੰਦਰ ਕੌਰ, ਪ੍ਰੋਫੈਸਰ ਸਿਮਰਨ, ਡਾ. ਮਨਜੀਤ ਕੌਰ, ਡਾ. ਕੁਲਦੀਪ ਸਿੰਘ ਬਾਹੀਆ, ਪ੍ਰੋਫੈਸਰ ਦਰਸ਼ਨ ਕੁਮਾਰ, ਪ੍ਰੋਫੈਸਰ ਰੂਬੀ ਜਿੰਦਲ ਅਤੇ ਇਨਵਰਨਜੀਤ ਸਿੰਘ ਆਦਿ ਮੌਜੂਦ ਸਨ।

ਅਜੀਤ ®©
25-Feb-2026
Page: 7
http://epaper.ajitjalandhar.com/edition/20260225/14/7.cms

# ਸਰਕਾਰੀ ਕਾਲਜ ਵਿਖੇ ਮਨਾਇਆ ਗਿਆ ਅੰਤਰਰਾਸ਼ਟਰੀ ਵੂਮੈਨ ਡੇ

ਸੁਨਾਮ 9 ਮਾਰਚ ( ਮੋਹਣ ਸ਼ਰਮਾ) ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਅੰਤਰਰਾਸ਼ਟਰੀ ਵੂਮੈਨ ਡੇ ਪ੍ਰਿੰਸੀਪਲ ਸਾਮ ਸੁੰਦਰ ਸ਼ਰਮਾ ਦੀ ਰਹੁਨਮਾਈ ਹੇਠ ਵੂਮੈਨ ਸੈਲ ਅਤੇ ਐਨ.ਐਸ.ਐਸ ਵਿਭਾਗ ਵੱਲੋਂ ਸਾਂਝੇ ਤੌਰ ਤੇ ਮਨਾਇਆ ਗਿਆ। ਜਿਸ ਵਿੱਚ ਕੋਈਜ਼ 2026 ਬਜਟ, ਲੇਖ ਮੁਕਾਬਲੇ, ਭਾਸ਼ਣ ਮੁਕਾਬਲੇ, ਪੋਸਟਰ ਮੇਕਿੰਗ, ਮੁਕਾਬਲੇ ਕਰਵਾਏ ਗਏ। ਪੋਸਟਰ ਮੇਕਿੰਗ ਵਿੱਚ ਰਾਜਵੀਰ ਕੌਰ ,ਖੁਸ਼ਪ੍ਰੀਤ ਕੌਰ, ਮਨਜਿੰਦਰ ਕੌਰ, ਭਾਸ਼ਣ ਮੁਕਾਬਲੇ ਵਿੱਚ ਰਮਨਦੀਪ ਕੌਰ, ਹੁਸਨਪ੍ਰੀਤ ਕੌਰ, ਨੀਲਮ, ਲੇਖ ਮੁਕਾਬਲੇ ਵਿੱਚ ਰਾਜਵਿੰਦਰ ਕੌਰ, ਸੀਮਾ ਖਾਨ, ਸੰਜੇ ਬਾਂਸਲ, ਕੋਈਜ਼ ਮੁਕਾਬਲੇ ਵਿੱਚ ਸਿਮਰਨਜੀਤ ਕੌਰ, ਰਮਨਪ੍ਰੀਤ ਕੌਰ, ਰਮਨਦੀਪ ਕੌਰ, ਮੁਸਕਾਨ ਨੇ ਕਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪ੍ਰੋਗਰਾਮ ਦੇ ਆਰੰਭ ਵਿੱਚ ਪ੍ਰਿੰਸੀਪਲ ਸਾਹਿਬ ਨੇ ਵਿਦਿਆਰਥਨਾ ਨੂੰ ਆਜ਼ਾਦੀ ਤੇ ਜਿੰਮੇਵਾਰੀ ਦੇ ਮਤਲਬ ਸਮਝਾਉਂਦੇ ਹੋਏ ਲੜਕੀਆਂ ਨੂੰ ਆਪਣੀ ਲੜਾਈ ਆਪ ਲੜਨ ਲਈ ਪ੍ਰੇਰਿਤ ਕੀਤਾ ਡਾਕਟਰ ਕੁਲਦੀਪ ਸਿੰਘ ਵਾਹਿਆ ਨੇ ਲੜਕੀਆਂ ਨੂੰ ਇਤਿਹਾਸ ਵਿੱਚ ਮਾੜੇ ਹਾਲਾਤਾਂ ਵਿੱਚੋਂ ਨਿਕਲਣ ਦੀ ਪੂਰੀ ਲੜਾਈ ਨਾਲ ਜਾਣੂ ਕਰਵਾਇਆ। ਵੂਮੈਨ ਸੈਲ ਦੇ ਮੁਖੀ ਡਾਕਟਰ ਮਨੀਤਾ ਜੋਸੀ ਨੇ ਵੀ ਵਿਦਿਆਰਥਨਾ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਦੇ ਅਖੀਰ ਵਿੱਚ ਜੇਤੂ ਵਿਦਿਆਰਥੀ ਨੂੰ ਇਨਾਮ ਵੰਡੇ ਗਏ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾਕਟਰ ਅੰਚਲਾ, ਡਾਕਟਰ ਮਨਪ੍ਰੀਤ ਕੌਰ ਹਾਂਡਾ, ਡਾਕਟਰ ਪਰਮਿੰਦਰ ਕੌਰ, ਪ੍ਰੋਫੈਸਰ ਪ੍ਰਭਜੀਤ ਕੌਰ ,ਪ੍ਰੋਫੈਸਰ ਸਿਮਰਨਜੀਤ ਕੌਰ ,ਪ੍ਰੋਫੈਸਰ ਆਂਚਨ ,ਡਾਕਟਰ ਮੀਨਾਕਸ਼ੀ ਪੁਰੀ, ਪ੍ਰੋਫੈਸਰ ਨਿਸ਼ੂ, ਪ੍ਰੋਫੈਸਰ ਰਾਜਵੀਰ ਕੌਰ, ਪ੍ਰੋਫੈਸਰ ਸੁਖਵਿੰਦਰ ਕੌਰ, ਪੰਮਾ, ਲਖਵਿੰਦਰ ਸਿੰਘ, ਲੱਕੀ, ਹਾਜ਼ਰ ਰਹੇ।



ਮਾਲਵੇ ਦੀ ਧਮਕ

ਪੰਜਾਬੀ ਜਾਗਰਣ



ਕਾਲਜ ਪ੍ਰਿੰਸੀਪਲ ਸ਼ਾਮ ਸੁੰਦਰ ਸ਼ਰਮਾ ਸਟਾਫ਼ ਤੇ ਵਿਦਿਆਰਥਣਾਂ।

# ਮਹਿਲਾ ਦਿਵਸ ਮੌਕੇ ਲੇਖ ਤੇ ਭਾਸ਼ਣ ਮੁਕਾਬਲੇ ਕਰਵਾਏ

**ਦਰਸ਼ਨ ਸਿੰਘ ਚੌਹਾਨ • ਪੰਜਾਬੀ ਜਾਗਰਣ**

**ਸੁਨਾਮ** : ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਕੌਮਾਂਤਰੀ ਮਹਿਲਾ ਦਿਵਸ ਪ੍ਰਿੰਸੀਪਲ ਸ਼ਾਮ ਸੁੰਦਰ ਸ਼ਰਮਾ ਦੀ ਰਹਿਨੁਮਾਈ ਹੇਠ ਵੂਮੈਨ ਸੈਲ ਅਤੇ ਐੱਨਐੱਸਐੱਸ ਵਿਭਾਗ ਵੱਲੋਂ ਸਾਂਝੇ ਤੌਰ ’ਤੇ ਮਨਾਇਆ ਗਿਆ। ਇਸ ਵਿਚ ਕੋਈਜ਼ 2026 ਬਜਟ, ਲੇਖ, ਭਾਸ਼ਣ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਪੋਸਟਰ ਮੇਕਿੰਗ ’ਚ ਰਾਜਵੀਰ ਕੌਰ, ਖੁਸ਼ਪ੍ਰੀਤ ਕੌਰ, ਮਨਜਿੰਦਰ ਕੌਰ, ਭਾਸ਼ਣ ਮੁਕਾਬਲੇ ’ਚ ਰਮਨਦੀਪ ਕੌਰ, ਹੁਸਨਪ੍ਰੀਤ ਕੌਰ, ਨੀਲਮ, ਲੇਖ ਮੁਕਾਬਲੇ ’ਚ ਰਾਜਵਿੰਦਰ ਕੌਰ, ਸੀਮਾ ਖਾਨ, ਸੰਜੇ ਬਾਂਸਲ, ਕੋਈਜ਼ ਮੁਕਾਬਲੇ ’ਚ ਸਿਮਰਨਜੀਤ ਕੌਰ, ਰਮਨਪ੍ਰੀਤ ਕੌਰ, ਰਮਨਦੀਪ ਕੌਰ, ਮੁਸਕਾਨ ਨੇ ਕਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪ੍ਰੋਗਰਾਮ ਦੇ ਆਰੰਭ ਵਿਚ ਪ੍ਰਿੰਸੀਪਲ ਸ਼ਾਮ ਸੁੰਦਰ ਸ਼ਰਮਾ ਨੇ ਵਿਦਿਆਰਥਣਾਂ ਨੂੰ ਆਜ਼ਾਦੀ ’ਤੇ ਜ਼ਿੰਮੇਵਾਰੀ ਦੇ ਮਤਲਬ ਸਮਝਾਉਂਦੇ ਹੋਏ ਲੜਕੀਆਂ ਨੂੰ ਆਪਣੀ ਲੜਾਈ ਆਪ ਲੜਨ ਲਈ ਪ੍ਰੇਰਿਤ ਕੀਤਾ। ਡਾਕਟਰ ਕੁਲਦੀਪ ਸਿੰਘ ਬਾਹੀਆ ਨੇ ਲੜਕੀਆਂ ਨੂੰ ਭਵਿੱਖ ਵਿਚ ਮਾੜੇ ਹਾਲਾਤਾਂ ’ਚੋਂ ਨਿਕਲਣ ਬਾਰੇ ਜਾਣੂੰ ਕਰਵਾਇਆ। ਵੂਮੈਨ ਸੈਲ ਦੇ ਮੁਖੀ ਡਾ. ਮੁਨੀਤਾ ਜੋਸ਼ੀ ਨੇ ਵੀ ਵਿਦਿਆਰਥਣਾਂ ਨਾਲ ਵਿਚਾਰ ਸਾਂਝੇ ਕੀਤੇ।



ਖ਼ੂਨਦਾਨ ਕੈਂਪ ਦਾ ਦ੍ਰਿਸ਼। ਤਸਵੀਰ: ਧਾਲੀਵਾਲ

# ਖ਼ੂਨਦਾਨ ਕੈਂਪ ਲਗਾਇਆ

ਸੁਨਾਮ ਊਧਮ ਸਿੰਘ ਵਾਲਾ, 16 ਮਾਰਚ (ਸਰਬਜੀਤ ਸਿੰਘ ਧਾਲੀਵਾਲ, ਹਰਚੰਦ ਸਿੰਘ ਭੁੱਲਰ) - ਸਥਾਨਕ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿਖੇ ਵਾਇਸ ਪ੍ਰਿੰਸੀਪਲ ਡਾ. ਅੰਚਲਾ ਸਿੰਗਲਾ ਦੀ ਅਗਵਾਈ ਵਿਚ ਐਨ.ਐਸ.ਐਸ. ਵਿਭਾਗ ਵਲੋਂ 'ਕਸ਼ਮੀਰੀ ਹਸਪਤਾਲ ਬਲੱਡ ਸੈਂਟਰ ਸੁਨਾਮ' ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿਚ ਕਾਲਜ ਦੇ ਵਿਦਿਆਰਥੀਆਂ ਅਤੇ ਕਾਲਜ ਅਮਲੇ ਵਲੋਂ ਖ਼ੂਨ ਦਾਨ ਕੀਤਾ ਗਿਆ ਅਤੇ 20 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। ਕਸ਼ਮੀਰੀ ਹਸਪਤਾਲ ਸੁਨਾਮ ਦੇ ਡਾਇਰੈਕਟਰ ਬਲੱਡ ਬੈਂਕ ਅਵਤਾਰ ਸਿੰਘ ਨੇ ਵਿਦਿਆਰਥੀਆਂ ਨੂੰ ਖ਼ੂਨਦਾਨ ਦੀ ਮਹੱਤਤਾ ਬਾਰੇ ਦੱਸਦਿਆਂ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਖ਼ੂਨਦਾਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਪ੍ਰੋਫੈਸਰ ਗੁਰਪ੍ਰੀਤ ਸਿੰਘ, ਡਾ. ਮਨੀਤਾ ਜੋਸ਼ੀ, ਪ੍ਰੋਫੈਸਰ ਕਾਲਾ ਸਿੰਘ, ਡਾ. ਮਨਪ੍ਰੀਤ ਕੌਰ ਹਾਂਡਾ, ਪ੍ਰੋਫੈਸਰ ਦਰਸ਼ਨ ਕੁਮਾਰ, ਪ੍ਰੋਫੈਸਰ ਅਸ਼ਵਨੀ ਗੋਇਲ, ਹਰਮਨ ਸਿੰਘ, ਸੰਜੂ ਕੁਮਾਰ ਅਤੇ ਪਰਮਜੀਤ ਸਿੰਘ ਹਾਂਡਾ ਆਦਿ ਮੌਜੂਦ ਸਨ।

ਅਜੀਤ ®©
17-Mar-2026
Page: 12
http://epaper.ajitjalandhar.com/edition/20260317/14/12.cms